22nd Oct, 2000

# ਲੋੜ ਹੈ, ਗ਼ਲਤ ਸਿਆਸਤ ਤੋਂ ਨਿਜਾਤ ਪਾਈਏ

ਝੋਨੇ ਦੀ ਖ਼ਰੀਦ ਦੇ ਸੰਕਟ ਨੇ ਪੰਜਾਬ ਦੇ ਸਮੁੱਚੇ ਆਰਥਕ ਸੰਕਟ ਨੂੰ ਉਭਾਰ ਕੇ ਸਾਹਮਣੇ ਲਿਆਂਦਾ ਹੈ। ਅੱਜ ਹੁਣ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਦਾ ਆਰਥਕ ਸੰਕਟ ਪੰਜਾਬ ਵਿਚ ਪਿਛਲੇ 53 ਸਾਲਾਂ ਤੋਂ ਚੱਲ ਰਹੀ ਗ਼ਲਤ ਰਾਜਨੀਤੀ ਦੀ ਦੇਣ ਹੈ। ਆਜ਼ਾਦੀ ਤੋਂ ਦੋ ਸਾਲ ਪਹਿਲਾਂ ਤੋਂ ਲੈ ਕੇ ਹੁਣ ਤੱਕ ਪੰਜਾਬ ਦੀ ਰਾਜਨੀਤੀ ਉੱਤੇ ਇਕੋ ਮੁੱਦਾ ਹਾਵੀ ਰਿਹਾ ਹੈ ਅਤੇ ਉਹ ਮੁੱਦਾ ਸਿੱਖਾਂ ਦੀ ਵੱਖਰੀ ਪਹਿਚਾਣ ਦਾ ਰਿਹਾ ਹੈ।

ਪਾਕਿਸਤਾਨ ਬਣਨ ਵੇਲੇ ਵੀ ਇਹੋ ... ਉੱਤੇ ਆਇਆ ਸੀ ਕਿ ਧਰਤੀ ਦਾ ...ੜਾ ਟੋਟਾ ਅਜਿਹਾ ਹੋ ਸਕਦਾ ਹੈ, ਜਿੱਥੇ ...ਖਾਂ ਦਾ ਆਪਣਾ ਰਾਜ ਹੋਵੇ। ਮਾਸਟਰ ਤਾਰਾ ...ਘ ਜੀ ਦੀ ਸਾਰੀ ਸਿਆਸਤ ਦਾ ਆਧਾਰ ਹੀ ...ਇਹ ਸੀ। ਉਸ ਟੋਟੇ ਦੀ ਨਿਸ਼ਾਨਦੇਹੀ ਨਾ ਹੋ ਸਕੀ, ਜਿਸ ਦਾ ਨਾਂ ਖਾਲਿਸਤਾਨ ਹੁੰਦਾ। ਉਹ ਹੋ ਹੀ ਨਹੀਂ ਸਕਦੀ ਸੀ ਕਿਉਂਕਿ ਇਹ ਟੋਟਾ ਆਰਥਿਕ ਤੌਰ 'ਤੇ ਕੋਈ ਆਜ਼ਾਦ ਹਸਤੀ ਨਹੀਂ ਰੱਖ ਸਕਦਾ। ਖਾਲਿਸਤਾਨ ਨਾ ਬਣਿਆ ਪਰ ਇਹ ਖਾਲਿਸਤਾਨ ਦਾ ਸੰਕਲਪ ਸਿੱਖ ਮਾਨਸਿਕਤਾ ਵਿਚ ਕਾਇਮ ਰਿਹਾ ਅਤੇ ਹੁਣ ਵੀ ਕਾਇਮ ਹੈ। ਪੰਜਾਬ ਦਾ ਹਰ ਉਜਾੜਾ ਅਤੇ ਪੁਆੜਾ ਇਹਦੇ ਨਾਲ ਸਬੰਧ ਰੱਖਦਾ ਹੈ। ਵੱਡੇ ਵੱਲੋ ਦਾ ਉਜਾੜਾ, ਪੰਜਾਬੀ ਸੂਬੇ ਦਾ ਹੋਂਦ ਵਿਚ ਆਉਣਾ ਅਤੇ ਪੰਜਾਬੀ ਜ਼ੁਬਾਨ ਬੋਲਦੇ ਇਲਾਕਿਆਂ ਦਾ ਪੰਜਾਬ ਤੋਂ ਬਾਹਰ ਰਹਿਣਾ, ਚੰਡੀਗੜ੍ਹ ਦਾ ਪੰਜਾਬ ਦੀ ਰਾਜਧਾਨੀ ਨਾ ਬਣਨਾ, ਵਰਤ ਰੱਖੇ ਜਾਣੇ, ਵਰਤ ਤੋੜੇ ਜਾਣੇ, ਫੇਰੂਮਾਨ ਦੀ ਸ਼ਹਾਦਤ, ਭਿੰਡਰਾਂਵਾਲਾ ਦਾ ਸਿਆਸੀ ਪਿੜ ਵਿਚ ਉਭਰਨਾ, ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ, ਅਕਾਲ ਤਖ਼ਤ ਦਾ ਢਹਿ ਢੇਰੀ ਹੋਣਾ,



ਵਿਚਾਰ-ਚਰਚਾ

ਗੁਰਸ਼ਰਨ ਸਿੰਘ

ਉਹਦਾ ਬਣਨਾ, ਫੇਰ ਢਹਿਣਾ, ਫੇਰ ਬਣਨਾ, 1984 ਵਿਚ ਸਿੱਖਾਂ ਦਾ ਕਤਲੇਆਮ ਇਹ ਸਭ ਕੁੱਝ ਪੰਜਾਬ ਸਿਆਸਤ ਦਾ ਵੱਡਾ ਫ਼ਿਕਰ ਅਤੇ ਮੁੱਦਾ ਰਿਹਾ ਹੈ। ਇਸ ਸਾਰੀ ਸਿਆਸਤ ਵਿਚ ਕਦੇ ਵੀ ਪੰਜਾਬ ਦੀ ਆਰਥਿਕਤਾ ਨੂੰ ਵਿਚਾਰ ਅਧੀਨ ਨਹੀਂ ਲਿਆਂਦਾ ਗਿਆ।

ਸਿੱਖਾਂ ਦੀ ਵੱਖਰੀ ਪਹਿਚਾਣ ਦਾ ਨਾਅਰਾ ਦੇਣ ਵਾਲੇ, ਆਪ ਇਸ ਬਾਰੇ ਕਿੰਨਾ ਕੁ ਫ਼ਿਕਰਮੰਦ ਸਨ, ਇਹ ਤਾਂ ਹੁਣ ਇਤਿਹਾਸ ਬਣ ਚੁੱਕਿਆ ਹੈ। ਸ੍ਰ. ਬਲਦੇਵ ਸਿੰਘ ਪਹਿਲੇ ਡੀਫੈਂਸ ਮਨਿਸਟਰ ਤੋਂ ਲੈ ਕੇ, ਸ੍ਰ. ਸਵਰਨ ਸਿੰਘ, ਸ੍ਰ. ਹੁਕਮ ਸਿੰਘ ਸਪੀਕਰ, ਗਿਆਨੀ ਕਰਤਾਰ ਸਿੰਘ, ਸ੍ਰ. ਪ੍ਰਕਾਸ਼ ਸਿੰਘ ਬਾਦਲ, ਸ੍ਰ. ਸੁਰਜੀਤ ਸਿੰਘ ਬਰਨਾਲਾ ਅਤੇ ਹੁਣ ਸ੍ਰ. ਸੁਖਦੇਵ ਸਿੰਘ ਢੀਂਡਸਾ ਸਭ ਵੱਖਰੀ ਸਿੱਖ ਪਹਿਚਾਣ ਦੀ ਸਿਆਸਤ 'ਤੇ ਵੋਟ ਲੈਂਦੇ ਰਹੇ ਅਤੇ ਫੇਰ ਦਿੱਲੀ ਜਾ ਕੇ ਸਭ ਭੁੱਲਦੇ ਰਹੇ। ਕੇਂਦਰ ਨਾਲ ਸਮਝੌਤੇ ਕਰਦੇ ਰਹੇ ਅਤੇ ਵਜ਼ਾਰਤਾਂ ਸੰਭਾਲਦੇ ਰਹੇ। ਸੱਚ ਤਾਂ ਇਹ ਹੈ ਕਿ ਇਸ ਮਸਲੇ ਦਾ ਵਜੂਦ ਹੀ ਕੋਈ ਨਹੀਂ। ਸਿੱਖਾਂ ਨੇ ਹਮੇਸ਼ਾ ਹਿੰਦੋਸਤਾਨ ਦੀ ਸੱਤਾ ਵਿਚ ਆਪਣੀ ਥਾਂ ਲਈ ਹੈ। ਸਗੋਂ ਬਾਕੀ ਹਿੰਦੋਸਤਾਨ ਦੇ ਲੋਕ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਇਹ ਖਾਂਦੇ-ਪੀਂਦੇ ਚੀਕਦੇ ਰਹਿੰਦੇ ਹਨ। ਵੱਡੇ ਅਹੁਦਿਆਂ 'ਤੇ ਤਾਇਨਾਤ ਹਨ। ਪੰਜਾਬ ਵਿਚ ਹਮੇਸ਼ਾ ਹੀ ਇਨ੍ਹਾਂ ਦਾ ਬੋਲਬਾਲਾ ਰਿਹਾ ਹੈ। ਸਿੱਖਾਂ ਦੀ ਵੱਖਰੀ ਪਹਿਚਾਣ ਦਾ ਮੁੱਦਾ ਖਾਹਮਖਾਹ ਦਾ ਮੁੱਦਾ ਹੈ। ਖੈਰ ਜਿਹੜੀ ਗੱਲ ਇਥੇ ਉਠਾਈ ਜਾ ਰਹੀ ਹੈ ਕਿ ਇਸ ਮੁੱਦੇ ਨੇ ਪੰਜਾਬ ਦੀ ਆਰਥਿਕ ਵਿਉਂਤਬੰਦੀ ਵੱਲ ਕਦੀ ਧਿਆਨ ਹੀ ਕੇਂਦਰਤ ਨਹੀਂ ਹੋਣ ਦਿੱਤਾ।

1947 ਤੋਂ ਇਸ ਗੱਲ ਦਾ ਪਤਾ ਸੀ ਕਿ ਪੰਜਾਬ ਦੀ ਸਾਰੀ ਆਰਥਿਕਤਾ ਖੇਤੀ 'ਤੇ ਆਧਾਰਤ ਹੈ। ਖੇਤੀ ਮਾਹਿਰ ਖ਼ਬਰਦਾਰ ਕਰਦੇ ਆ ਰਹੇ ਸਨ ਕਿ ਇਹ ਖੇਤੀ ਆਧਾਰਤ ਆਰਥਿਕਤਾ ਤਾਂ ਹੀ ਪ੍ਰਫੁੱਲਤ ਹੋ ਸਕਦੀ ਹੈ, ਜੇਕਰ ਮੰਡੀ ਦੀ ਗਰੰਟੀ ਹੋਵੇ ਅਤੇ ਇਹ ਮੰਡੀ ਸੁਕੜਦੀ ਜਾਏਗੀ, ਜਦੋਂ ਹੋਰ ਸੂਬਿਆਂ ਵਿਚ ਖੇਤੀ ਦੀ ਉੱਨਤੀ ਹੋਵੇਗੀ। ਇਸ ਲਈ ਖੇਤੀ ਆਧਾਰਤ ਆਰਥਿਕਤਾ ਦਾ ਬਦਲ ਜ਼ਰੂਰੀ ਹੈ। ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਕਿਉਂਕਿ ਦੂਜਾ ਮਸਲਾ ਹੀ ਹਰ ਵੇਲੇ ਹਾਵੀ ਰਿਹਾ ਕਿ ਸਿੱਖਾਂ ਨੂੰ ਕੀ ਮਿਲੇ ਜਾਂ ਨਾ ਮਿਲੇ। ਸੋ ਜਿਹੜਾ ਸੰਕਟ 2000 ਵਿਚ ਆਇਆ, ਉਹਨੇ ਆਉਣਾ ਹੀ ਆਉਣਾ ਸੀ।

ਲੋੜ ਹੈ, ਇਸ ਸਿਆਸਤ ਦਾ ਰੁਖ਼ ਬਦਲਿਆ ਜਾਏ। ਸਿੱਖ-ਹਿੰਦੂ ਕੋਈ ਮਸਲਾ ਨਹੀਂ। ਪੰਜਾਬ ਦੀ ਸਰਕਾਰ ਦਾ ਜੇਕਰ ਇਰਾਦਾ ਹੋਵੇ ਤਾਂ ਪੰਜਾਬੀ, ਹਿੰਦੀ ਵੀ ਕੋਈ ਮਸਲਾ ਨਹੀਂ।

ਸਿੱਖ ਨੌਜਵਾਨ ਜੇਕਰ ਪਤਿਤ ਹੁੰਦੇ ਹਨ, ਕੇਸ ਨਹੀਂ ਰੱਖਦੇ, ਇਹ ਦਿੱਲੀ ਦਾ ਸਰੋਕਾਰ ਨਹੀਂ, ਬੀਬੀ ਜਗੀਰ ਕੌਰ ਵਰਗੇ (ਧਾਰਮਿਕ) ਵਿਅਕਤੀ ਦਾ ਸਰੋਕਾਰ ਹੈ। ਪੰਜਾਬ ਨੂੰ ਲੋੜ ਆਰਥਿਕ ਵਿਉਂਬੰਦੀ ਵਾਲੀ ਸਿਆਸਤ ਦੀ ਹੈ, ਗ਼ਲਤ ਮੁੱਦਿਆਂ ਵਾਲੀ ਸਿਆਸਤ ਤੋਂ ਨਿਜਾਤ ਪਾਉਣ ਦੀ ਹੈ।

...

ਮੁੱਦਾ
ਟੁਕੜਾ
ਸਿੱਖਾਂ
ਸਿੰਘ
ਇਹ